# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
## ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

---

ਵੱਲ:

1) ਸਮੂਹ ਡਿਪਟੀ ਕਮਿਸ਼ਨਰਜ਼, ਪੰਜਾਬ
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ), ਪੰਜਾਬ
3) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ), ਪੰਜਾਬ

ਮੀਮੋ ਨੰ: ਸਸਅ/STR/Survey/2011-12/**76428-76487**
ਮਿੱਤੀ ਚੰਡੀਗੜ੍ਹ: **27/06/2011**

**ਵਿਸ਼ਾ: - ਸਾਲ 2011-12 ਲਈ ਰਾਜ ਵਿਚ 6 ਤੋਂ 14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਦੀ ਸ਼ਿਨਾਖਤ ਕਰਨ ਲਈ ਘਰੋਂ-ਘਰੀ ਸਪੈਸ਼ਲ ਸਿੱਖਿਆ ਸਰਵੇਖਣ ਕਰਵਾਉਣ ਸਬੰਧੀ ਦਿਸ਼ਾ ਨਿਰਦੇਸ਼।**

1.0 ਉਪਰੋਕਤ ਵਿਸ਼ੇ ਤੇ ਮਿੱਤੀ 29/05/2011 ਨੂੰ ਹੋਈ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੀ ਮਹੀਨਾਵਾਰ ਰੀਵਿਊ ਮੀਟਿੰਗ ਦੌਰਾਨ ਹੋਈ ਚਰਚਾ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਾਲ 2011-12 ਲਈ ਰਾਜ ਵਿਚ ਸਕੂਲੋਂ ਵਿਰਵੇਂ ਬੱਚਿਆਂ ਦੀ ਸ਼ਨਾਖਤ ਕਰਨ ਲਈ ਨੰਵਬਰ-ਦੰਸਬਰ 2010 ਵਿਚ ਘਰੋ-ਘਰੀ ਸਿੱਖਿਆ ਸਰਵੇਖਣ ਕਰਵਾਇਆ ਗਿਆ ਸੀ ਜਿਸ ਦੌਰਾਨ ਰਾਜ ਵਿਚ 6 ਤੋਂ 14 ਸਾਲ ਦੇ 30,939 ਬੱਚੇ ਸ਼ਿਨਾਖਤ ਕੀਤੇ ਗਏ ਸਨ।

3.0 ਇਹ ਵੇਖਣ ਵਿਚ ਆਇਆ ਹੈ ਕਿ ਰਾਜ ਵਿਚ ਅਜੇ ਵੀ ਬਹੁਤ ਸਾਰੇ ਬੱਚੇ ਸਕੂਲੋਂ ਵਿਰਵੇ ਹਨ ਇਸ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਸਕੂਲੋਂ ਵਿਰਵੇ ਬੱਚਿਆਂ ਦੀ ਭਾਲ ਕਰਨ ਲਈ ਇੱਕ ਸਪੈਸ਼ਲ ਸਰਵੇਖਣ ਸਬੰਧਤ ਸ.ਪ੍ਰ.ਸ/ਸ.ਅ.ਸ ਦੇ ਸਕੂਲ ਮੁੱਖੀ/ਸਕੂਲ ਅਧਿਆਪਕ ਵਲੋਂ ਜੁਲਾਈ ਮਹੀਨੇ ਵਿਚ ਕਰਵਾਇਆ ਜਾਵੇਗਾ।

4.0 ਹਰ ਸਕੂਲ ਵਿਚ ਲਾਜ਼ਮੀ ਰਜਿਸਟਰ ਅਤੇ ਪੇਂਡੂ/ਵਾਰਡ ਸਿੱਖਿਆ ਰਜਿਸਟਰ ਮੇਨਟੇਨ ਕੀਤੇ ਜਾਣਗੇ। ਉਹਨਾ ਵਿਚ ਪਿੰਡ ਵਿਚਲੇ ਜਾਂ ਪਿੰਡ ਦੇ ਆਲੇ ਦੁਆਲੇ ਦੀ ਢਾਣੀਆਂ, ਭੱਠਿਆਂ, ਰੇਲਵੇ ਸਟੇਸ਼ਨਾਂ, ਨਵੀਆਂ ਉਸਾਰੀਆਂ ਵਿਚ ਕੰਮ ਕਰਦੇ, ਪ੍ਰਵਾਸੀ ਅਤੇ ਝੁੱਗੀ ਝੋਪੜੀਆਂ ਵਿਚ ਰਹਿੰਦੇ ਬੱਚਿਆਂ ਦਾ ਵੇਰਵੇਂ ਦਰਜ ਕੀਤੇ ਜਾਣਗੇ।

5.0 ਆਪ ਨੂੰ ਇਥੇ ਸਪਸ਼ਟ ਕੀਤਾ ਜਾਂਦਾ ਹੈ ਕਿ ਸਰਵ ਸਿੱਖਿਆ ਅਭਿਆਨ ਤਹਿਤ ਅਤੇ ਸਿੱਖਿਆ ਦੇ ਅਧਿਕਾਰ ਐਕਟ 2009 ਅਧੀਨ 6 ਤੋਂ 14 ਸਾਲ ਦੇ ਹਰ ਬੱਚੇ ਨੂੰ ਸਕੂਲ ਵਿਚ ਲਿਆਉਣਾ ਅਤੇ ਅੱਠਵੀ ਜਮਾਤ ਤੱਕ ਪੜ੍ਹਾਈ ਕਰਵਾਉਣਾ ਲਾਜ਼ਮੀ ਹੈ ਅਤੇ ਇਸ ਦਾ ਮੁੱਖ ਉਦੇਸ਼ ਵੀ ਹੈ।

6.0 ਸਮੂਹ ਸਕੂਲ ਮੁੱਖੀ ਇਹ ਯਕੀਨੀ ਬਨਾਉਣਗੇ ਕਿ ਸਰਵੇਖਣ ਪ੍ਰਕ੍ਰਿਆ ਰਾਹੀਂ ਇੱਕਤਰ ਕੀਤੀ ਸੂਚਨਾ ਸਮੂਚੇ ਤੋਰ ਤੇ ਲਾਜ਼ਮੀ ਤਾਲੀਮ ਰਜਿਸਟਰ ਅਤੇ ਪੇਂਡੂ ਸਿੱਖਿਆ ਰਜਿਸਟਰ/ਵਾਰਡ ਸਿੱਖਿਆ ਰਜਿਸਟਰ ਵਿਚ ਦਰਜ ਕੀਤੀ ਜਾਵੇ। ਅਜਿਹੇ ਸ਼ਨਾਖਤ ਕੀਤੇ ਸਕੂਲੋਂ ਵਿਰਵੇ ਬੱਚਿਆਂ ਦੀ ਵੈਰੀਫੀਕੇਸ਼ਨ ਦੇ ਪੱਖ ਤੋਂ ਵੀ ਲਾਜ਼ਮੀ ਰਜਿਸਟਰ ਅਤੇ ਪੇਂਡੂ ਸਿੱਖਿਆ ਰਜਿਸਟਰ/ਵਾਰਡ ਸਿੱਖਿਆ ਰਜਿਸਟਰ ਨੂੰ ਵਰਤਿਆ ਜਾਵੇਗਾ। ਇਹਨਾ ਰਜਿਸਟਰਾਂ ਵਿਚ ਹਰ ਉਹ ਸਕੂਲੋਂ ਵਿਰਵੇਂ ਬੱਚੇ ਦਾ ਇੰਦਰਾਜ ਹੋਵੇਗਾ ਜੋ ਪਿੰਡ/ਵਾਰਡ ਦੇ ਘਰਾਂ ਜਾ ਆਲੇ ਦੁਆਲੇ ਦੇ ਭੱਠਿਆਂ/ਪਿੰਡਾਂ/ਬਸਤੀਆਂ/ਰੇਲਵੇ ਸਟੇਸ਼ਨਾਂ/ਮੁਹੱਲਿਆਂ ਉਸਾਰੀ ਦੀ ਥਾਵਾਂ ਤੇ ਮੌਜੂਦ ਹਨ। ਕੋਈ ਵੀ ਸਕੂਲੋਂ ਵਿਰਵਾ ਬੱਚਾ ਪੇਂਡੂ/ਵਾਰਡ ਸਿੱਖਿਆ ਰਜਿਸਟਰ ਵਿਚ ਇੰਦਰਾਜ ਹੋਏ ਬਿਨ੍ਹਾ ਨਹੀ ਰਹਿਣਾ ਚਾਹੀਦਾ।

7.0 ਸਕੂਲੋਂ ਬਾਹਰੀ ਬੱਚਿਆਂ ਦੀ ਸ਼ਨਾਖਤ ਲਈ ਕੀਤੇ ਜਾਣ ਵਾਲੇ ਸਰਵੇਖਣ ਲਈ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ।

## I. ਸਰਵੇਖਣ ਕਰਤਾ (ਸਕੂਲ ਅਧਿਆਪਕ) ਲਈ ਦਿਸ਼ਾ ਨਿਰਦੇਸ਼:-

1) ਹਰੇਕ ਸ.ਪ੍ਰ.ਸ/ਸ.ਐ.ਸ ਦੇ ਸਬੰਧਤ ਅਧਿਆਪਕ (ਸਰਵੇਖਣ ਕਰਤਾ) ਵਲੋਂ ਇਹ ਸਪੈਸ਼ਲ ਸਰਵੇਖਣ ਉਸੇ ਪਿੰਡ/ਵਾਰਡ ਵਿਚ ਕੀਤਾ ਜਾਵੇਗਾ ਜਿਥੇ ਉਹ ਤਾਇਨਾਤ ਹਨ।

2) ਇਸ ਸਰਵੇਖਣ ਵਿਚ ਉਹਨਾਂ ਸਕੂਲੋਂ ਵਿਰਵੇ ਬੱਚਿਆਂ ਨੂੰ ਸ਼ਾਮਲ ਕੀਤਾ ਜਾਵੇਗਾ ਜਿਹੜਾ ਕਿ ਖੇਤਾਂ ਵਿਚਲੇ ਘਰ, ਭੱਠਿਆਂ, ਰੇਲਵੇ ਸਟੇਸ਼ਨਾਂ, ਝੁੱਗੀ ਝੋਂਪੜੀਆਂ ਆਦਿ ਵਿਚ ਰਹਿੰਦੇ ਹਨ ਅਤੇ ਨਵੀਂ ਉਸਾਰੀ ਦੀ ਥਾਂ ਤੇ ਘਰਾਂ'ਚ ਕੰਮ ਕਰਦੇ ਹਨ।

3) ਸਰਵੇਖਣ ਦੌਰਾਨ ਕੇਵਲ ਉਹੀ ਬੱਚਾ ਸਕੂਲੋਂ ਵਿਰਵਾ ਮੰਨਿਆ ਜਾਵੇ ਜੋ ਕਿ ਕਦੇ ਵੀ ਕਿਸੇ ਵੀ ਸਕੂਲ ਵਿਚ ਦਾਖਲ ਨਾ ਹੋਇਆ ਹੋਵੇ ਭਾਵ Never enrolled ਹੋਵੇ ਜਾਂ ਫਿਰ ਸਕੂਲ ਦੀ ਪੜਾਈ ਅੱਧ ਵਿਚਕਾਰ ਛੱਡ ਗਿਆ ਹੋਵੇ ਭਾਵ Drop-out ਹੋਵੇ।

4) ਸਰਵੇਖਣ ਦੌਰਾਨ ਜੇਕਰ ਕੋਈ ਵੀ ਸਕੂਲੋਂ ਵਿਰਵਾ ਬੱਚਾ ਅੰਗਹੀਣ (Disabled) ਪਾਇਆ ਜਾਂਦਾ ਹੈ ਤਾਂ ਉਸਦੇ ਅੰਗਹੀਣ ਹੋਣ ਦਾ ਮੁੱਖ ਕਾਰਨ ਜਰੂਰ ਨੋਟ ਕੀਤਾ ਜਾਵੇ।

5) ਸਰਵੇਖਣ ਦੌਰਾਨ ਲੋੜ ਪੈਣ ਤੇ ਗ੍ਰਾਮ ਪੰਚਾਇਤ ਜਾਂ ਪੇਂਡੂ ਸਿੱਖਿਆ ਵਿਕਾਸ ਕਮੇਟੀ/ਸ਼ਹਿਰੀ ਸਿੱਖਿਆ ਵਿਕਾਸ ਕਮੇਟੀ ਦੇ ਮੈਬਰਾਂ ਦੀ ਵੀ ਮੱਦਦ ਲਈ ਜਾ ਸਕਦੀ ਹੈ।

6) ਸਰਵੇਖਣ ਸਬੰਧੀ ਸਮੂਹ ਕੰਮ-ਕਾਜ ਮਿਤੀ: 05/07/2011 ਤੋਂ 20/07/2011 ਤੱਕ ਮੁਕੰਮਲ ਕੀਤਾ ਜਾਵੇ।

7) ਇਹ ਸਰਵੇਖਣ ਸਕੂਲ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿਚ ਸਕੂਲ ਮੁੱਖੀ ਦੀ ਦੇਖ-ਰੇਖ ਵਿਚ ਕੀਤਾ ਜਾਵੇਗਾ।

## II. ਸਕੂਲ ਮੁੱਖੀ ਲਈ ਦਿਸ਼ਾ ਨਿਰਦੇਸ਼:-

1) ਸਮੁੱਚਾ ਸਰਵੇਖਣ ਸਬੰਧਤ ਸ.ਪ੍ਰ.ਸ/ਸ.ਐ.ਸ ਦੇ ਸਕੂਲ ਮੁੱਖੀ ਦੀ ਦੇਖ ਰੇਖ ਹੇਠ ਹੋਵੇਗਾ।

2) ਸਬੰਧਤ ਸਕੂਲ ਮੁੱਖੀ ਵਲੋਂ ਸਬੰਧਤ ਅਧਿਆਪਕ (ਸਰਵੇਖਣ ਕਰਤਾ) ਨੂੰ ਸਰਵੇਖਣ ਕਰਨ ਲਈ ਨਿਰਧਾਰਤ ਸਰਵੇਖਣ ਫਾਰਮ ਸਬੰਧਤ ਬੀ.ਆਰ.ਪੀ/ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਤੋਂ ਉਪਲਬਧ ਕਰਵਾ ਕੇ ਦੇਵੇਗਾ ਅਤੇ ਸਮੇਂ-ਸਮੇਂ ਤੇ ਸਬੰਧਤ ਅਧਿਆਪਕ (ਸਰਵੇਖਣ ਕਰਤਾ) ਨੂੰ ਸਰਵੇਖਣ ਵਿਧੀ ਸਬੰਧੀ ਲੋੜੀਂਦੇ ਦਿਸ਼ਾ ਨਿਰਦੇਸ਼ ਵੀ ਮੁਹੱਈਆ ਕਰਵਾਏਗਾ।

3) ਮਿਤੀ 21/07/2011 ਤੱਕ ਸਰਵੇਖਣ ਕਰਤਾ ਪਾਸੋਂ ਸਰਵੇਖਣ ਰਿਪੋਰਟ ਪ੍ਰਾਪਤ ਕਰਕੇ ਸਮੁੱਚੇ ਸਕੂਲੋਂ ਵਿਰਵੇ ਬੱਚਿਆਂ ਦਾ ਇੰਦਰਾਜ ਲਾਜ਼ਮੀ/ਪੇਂਡੂ/ਵਾਰਡ ਸਿੱਖਿਆ ਰਜਿਸਟਰ ਵਿਚ ਮਿਤੀ 25/07/2011 ਤੱਕ ਕਰਨਾ ਲਾਜ਼ਮੀ ਹੋਵੇਗਾ।

4) ਲਾਜ਼ਮੀ ਤਾਲੀਮ ਅਤੇ ਪੇਂਡੂ ਸਿੱਖਿਆ ਰਜਿਸਟਰ ਵਿਚ ਨਵੇਂ ਲੱਭੇ/ਸ਼ਿਨਾਖਤ ਕੀਤੇ ਸਕੂਲੋਂ ਵਿਰਵੇ ਬੱਚਿਆਂ ਦਾ ਵਰਤਮਾਨ ਸਟੇਟਸ ਵੀ ਰਜਿਸਟਰਾਂ ਵਿਚ ਇੰਦਰਾਜ ਕਰਨਾ ਹਰ ਸਕੂਲ ਮੁੱਖੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

5) ਸਰਵੇਖਣ ਦੌਰਾਨ ਲੱਭੇ ਗਏ ਬੱਚਿਆਂ ਦੀ 10% ਸੈਂਪਲ ਚੈਕਿੰਗ ਕੱਲਸਟਰ ਪੱਧਰ ਤੇ ਸਬੰਧਤ ਸੈਂਟਰ ਹੈਡ ਟੀਚਰ ਵਲੋਂ ਮਿਤੀ 26/07/2011 ਨੂੰ ਕੀਤੀ ਜਾਵੇਗੀ।

6) ਸਰਵੇਖਣ ਦੀ 10% ਸੈਂਪਲ ਚੈਕਿੰਗ ਹੋਣ ਤੋਂ ਬਾਅਦ ਸਬੰਧਤ ਸਕੂਲ ਮੁੱਖੀ ਉਹਨਾਂ ਦੇ ਖੇਤਰ ਵਿਚ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਸਮੂਹ ਸੂਚਨਾ ਇੱਕਤਰ ਕਰਕੇ ਆਪਣੇ ਬੀ.ਪੀ.ਈ.ਓ ਦਫ਼ਤਰ ਵਿਚ ਲੈਕੇ ਜਾਣਗੇ ਅਤੇ ਇਸ ਦਫ਼ਤਰ ਦੇ ਸਬੰਧਤ ਬਲਾਕ ਪ੍ਰੋਜੈਕਟ ਕੋਆਰਡੀਨੇਟਰ (BPC) ਜਾਂ ਬਲਾਕ ਆਫਿਸ ਅਸਿਸਟੈਂਟ (BOA) ਜਾਂ ਅਸਿਸਟੈਂਟ ਬਲਾਕ ਕੋਆਰਡੀਨੇਟਰ (ABC) ਦੀਆਂ ਸੇਵਾਵਾਂ ਲੈ ਕੇ ਸਰਵੇਖਣ ਦੌਰਾਨ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਆਨ-ਲਾਈਨ (On-line) ਐਂਟਰੀ ਕਰਵਾਉਣਗੇ। ਬੱਚਿਆਂ ਦੀ ਆਨ-ਲਾਈਨ ਐਂਟਰੀ ਦਾ ਕੰਮ ਮਿਤੀ 27/07/2011 ਤੋਂ ਮਿਤੀ 05/08/2011 ਤੱਕ ਹਰ ਹਾਲਤ ਵਿਚ ਮੁਕੰਮਲ ਕੀਤਾ ਜਾਵੇਗਾ।

**7) ਹਰੇਕ ਸਕੂਲ ਮੁੱਖੀ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ(ਐ.ਸਿ) ਦੇ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਸਬੰਧਤ ਪਿੰਡ/ਵਾਰਡ ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਵੀ ਬੱਚਾ ਸਕੂਲੋਂ ਵਿਰਵਾ ਨਹੀਂ ਹੈ।**

## III. ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਲਈ ਦਿਸ਼ਾ ਨਿਰਦੇਸ਼:-

1) ਸਬੰਧਤ ਸਕੂਲ ਮੁੱਖੀਆਂ ਵੱਲੋਂ ਬੀ.ਪੀ.ਈ.ਓ ਦਫ਼ਤਰ ਵਿਖੇ ਇੱਕਤਰ ਕਰਕੇ ਲਿਆਂਦੀ ਗਈ ਸਕੂਲੋਂ ਵਿਰਵੇ ਬੱਚਿਆਂ ਦੀ ਸੂਚਨਾ ਅਨੁਸਾਰ ਸਮੂਹ ਬੱਚਿਆਂ ਦੀ ਆਨ-ਲਾਇਨ ਐਂਟਰੀ ਕਰਵਾਉਣਾ ਦੀ ਪੂਰੀ ਜਿੰਮੇਵਾਰੀ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਹੋਵੇਗੀ।

2) ਇਸ ਆਨ-ਲਾਇਨ ਐਂਟਰੀ ਲਈ ਸਬੰਧਤ ਬੀ.ਪੀ.ਈ.ਓ ਵਲੋਂ ਆਪਣੇ ਦਫ਼ਤਰ ਦੇ ਯੋਗ ਬਲਾਕ ਪ੍ਰੋਜੈਕਟ ਕੋਆਰਡੀਨੇਟਰ (BPC) ਜਾਂ ਬਲਾਕ ਆਫਿਸ ਅਸਿਸਟੈਂਟ (BOA) ਜਾਂ ਅਸਿਸਟੈਂਟ ਬਲਾਕ ਕੋਆਰਡੀਨੇਟਰ (ABC) ਦੀਆਂ ਸੇਵਾਵਾਂ ਲਈਆਂ ਜਾਣਗੀਆਂ।

3) ਬੀ.ਪੀ.ਈ.ਓ ਦਫ਼ਤਰ ਦੇ ਬਲਾਕ ਪ੍ਰੋਜੈਕਟ ਕੋਆਰਡੀਨੇਟਰ (BPC) ਜਾਂ ਬਲਾਕ ਆਫਿਸ ਅਸਿਸਟੈਂਟ (BOA) ਜਾਂ ਅਸਿਸਟੈਂਟ ਬਲਾਕ ਕੋਆਰਡੀਨੇਟਰ (ABC) ਨੂੰ ਮੁੱਖ ਦਫ਼ਤਰ ਵਲੋਂ ਤਿਆਰ ਕੀਤੇ ਗਏ ਸਾਫਟਵੇਅਰ ਵਿਚ ਸਕੂਲੋਂ ਵਿਰਵੇ ਬੱਚਿਆਂ ਦੀ ਆਨ-ਲਾਇਨ ਐਂਟਰੀ ਦੀ ਟ੍ਰੇਨਿੰਗ ਸਬੰਧਤ ਜ਼ਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਅਤੇ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਵਲੋਂ ਦਿੱਤੀ ਜਾਵੇਗੀ। ਹਰੇਕ ਜ਼ਿਲ੍ਹੇ ਦੇ ਹਰੇਕ ਬਲਾਕ ਦੇ ਬੀ.ਪੀ.ਈ.ਓ ਦਫ਼ਤਰ ਨੂੰ ਅਲਗ-ਅਲਗ Login-ID ਅਤੇ Password ਦਿੱਤਾ ਜਾਵੇਗਾ।

4) ਸਬੰਧਤ ਬਲਾਕ ਵਿਚ ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦੀ ਆਨ-ਲਾਈਨ ਐਂਟਰੀ ਦਾ ਕੰਮ ਸਬੰਧਤ ਬੀ.ਪੀ.ਈ.ਓ ਦਫ਼ਤਰ ਵਿਖੇ ਮਿਤੀ 27/07/2011 ਤੋਂ ਮਿਤੀ 05/08/2011 ਤੱਕ ਹਰ ਹਾਲਤ ਵਿਚ ਮੁਕੰਮਲ ਕੀਤਾ ਜਾਵੇਗਾ।

5) ਸ਼ਨਾਖਤ ਕੀਤੇ ਬੱਚਿਆ ਦੀ ਸਾਫਟਵੇਅਰ ਵਿਚ ਸਹੀ ਆਨ-ਲਾਇਨ ਐਂਟਰੀ ਕਰਵਾਉਣਾ ਅਤੇ ਪੂਰੇ ਆਨ-ਲਾਇਨ ਡਾਟੇ ਦੀ ਪੜਚੋਲ ਕਰਨ ਦੀ ਨਿਰੋਲ ਜਿੰਮੇਵਾਰੀ ਸਬੰਧਤ ਬੀ.ਪੀ.ਈ.ਓ ਦੀ ਹੋਵੇਗੀ।

6) ਸਰਵੇਖਣ ਦੌਰਾਨ ਸਬੰਧਤ ਬਲਾਕ ਵਿਚ ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦੀ 10% ਸੈਂਪਲ ਚੈਕਿੰਗ ਸਬੰਧਤ ਬੀ.ਆਰ.ਪੀ ਜਾਂ ਫਿਰ ਸਬੰਧਤ ਬੀ.ਪੀ.ਈ.ਓ ਵਲੋਂ ਕੀਤੀ ਜਾਵੇਗੀ।

**7) ਹਰੇਕ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੇ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਉਸਦੇ ਬਲਾਕ ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਵੀ ਬੱਚਾ ਸਕੂਲੋਂ ਵਿਰਵਾ ਨਹੀਂ ਹੈ।**

## IV. ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)/(ਸੈ.ਸਿ) ਲਈ ਦਿਸ਼ਾ ਨਿਰਦੇਸ਼:-

1) ਇਸ ਸਪੈਸ਼ਲ ਸਰਵੇਖਣ ਲਈ ਹਰੇਕ ਪਿੰਡ/ਵਾਰਡ ਵਿਚ 100 ਤੱਕ ਦੀ ਗਿਣਤੀ ਵਾਲੇ ਪਰਿਵਾਰਾਂ ਲਈ ਇੱਕ ਅਧਿਆਪਕ ਅਤੇ ਇਸ ਤੋਂ ਵੱਧ ਗਿਣਤੀ ਵਾਲੇ ਪਰਿਵਾਰਾਂ ਵਾਲੇ ਪਿੰਡਾਂ/ ਵਾਰਡਾਂ ਵਿਚ ਸਰੇਵਖਣ ਕਰਵਾਉਣ ਲਈ ਲੋੜ ਅਨੁਸਾਰ ਅਧਿਆਪਕ ਤਾਇਨਾਤ ਕਰਨ ਦੀ ਨਿਰੋਲ ਜਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੀ ਹੋਵੇਗੀ।

2) ਜੇਕਰ ਕਿਸੇ ਵਾਰਡ/ਪਿੰਡ ਵਿਚ ਸਕੂਲ ਨਹੀਂ ਹੈ ਤਾਂ ਨਾਲ ਲਗਦੇ ਵਾਰਡ/ਪਿੰਡ ਦੇ ਅਧਿਆਪਕ ਤੋਂ ਸਰਵੇਖਣ ਕਰਵਾਉਣ ਦੀ ਜਿੰਮੇਵਾਰੀ ਵੀ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੀ ਹੋਵੇਗੀ।

3) ਜੇਕਰ ਕੋਈ ਵੀ ਸ.ਪ.ਸ/ਸ.ਐ.ਸ ਕਿਸੇ ਵੀ ਵਾਰਡ/ਪਿੰਡ ਤੋਂ ਬਹੁਤ ਜ਼ਿਆਦਾ ਦੂਰੀ ਤੇ ਹਨ ਤਾਂ ਉਸ ਵਾਰਡ/ਪਿੰਡ ਵਿਚ ਸਰਵੇਖਣ ਕਰਵਾਉਣ ਲਈ ਸਬੰਧਤ ਸ.ਸ.ਸ.ਸ ਦੇ ਅਧਿਆਪਕ ਨੂੰ ਤਾਇਨਾਤ ਕਰਨ ਦੀ ਜਿੰਮੇਵਾਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਦੀ ਹੋਵੇਗੀ।

4) ਸਕੂਲੋਂ ਵਿਰਵੇ ਬੱਚਿਆਂ ਦੀ ਸ਼ਨਾਖਤ ਲਈ ਸਰਵੇਖਣ ਦਾ ਕੰਮ ਠੀਕ ਰੂਪ ਵਿਚ ਅਤੇ ਵੇਲੇ ਸਿਰ ਕਰਵਾਉਣ ਦੀ ਸਾਰੀ ਜੁੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੀ ਹੋਵੇਗੀ।

5) **ਸਰਵੇਖਣ ਫਾਰਮੈਟਜ਼ ਅਤੇ ਸਮਰੀ ਫਾਰਮੈਟਜ਼ ਦੇ ਨਮੂਨੇ ਸਰਵ ਸਿੱਖਿਆ ਅਭਿਆਨ ਦੀ ਮੁੱਖ ਵੈਬਸਾਇਟ ਦੇ ਨੋਟਿਸ ਬੋਰਡ ਤੇ ਉਪਲਬਧ ਹੋਣਗੇ ਅਤੇ ਇਹ ਫਾਰਮੈਟਜ਼ ਈ-ਮੇਲ ਰਾਹੀਂ ਵੀ ਭੇਜੇ ਜਾਣਗੇ। ਸਮੂਹ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਇਹ ਫਾਰਮੈਟਜ਼ ਸਬੰਧਤ ਅਧਿਆਪਕਾਂ (ਸਰਵੇਖਣ ਕਰਤਾ) ਨੂੰ ਉਪਲਬਧ ਕਰਵਾਉਣਾ ਯਕੀਨੀ ਬਣਾਉਣਗੇ। ਇਸ ਤੇ ਆਉਣ ਵਾਲਾ ਸਮੂਹ ਖਰਚਾ ਸਪੈਸ਼ਲ ਟ੍ਰੇਨਿੰਗ ਮੱਦ ਵਿਚੋਂ ਕੀਤਾ ਜਾਵੇਗਾ।**

6) ਹਰੇਕ ਜ਼ਿਲ੍ਹੇ ਦੇ ਸਮੂਚੇ ਪਿੰਡਾਂ/ਵਾਰਡਾਂ ਵਿਚ ਸਰਵੇਖਣ ਕਰਵਾਉਣ ਦਾ ਕੰਮ ਮਿਤੀ 05/07/2011 ਤੋਂ ਸ਼ੁਰੂ ਕਰਕੇ ਮਿਤੀ 20/07/2011 ਤੱਕ ਸਮਾਪਤ ਕੀਤਾ ਜਾਵੇਗਾ।

7) ਸਰਵੇਖਣ ਦੌਰਾਨ ਲੱਭੇ ਗਏ ਬੱਚਿਆਂ ਦੀ 10% ਸੈਪਲ ਚੈਕਿੰਗ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਅਤੇ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਤੇ ਸਹਾਇਕ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਵਲੋਂ ਕੀਤੀ ਜਾਵੇਗੀ।

8) ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦਾ ਬਲਾਕ ਵਾਈਜ਼ ਆਨ-ਲਾਇਨ ਡਾਟਾ ਸਬੰਧਤ ਬਲਾਕ ਤੋਂ ਕੰਪਿਊਟਰ ਦੀ ਆਨ-ਲਾਇਨ ਵਿੱਧੀ ਰਾਹੀਂ ਸਬੰਧਤ ਜ਼ਿਲ੍ਹੇ ਦੇ ਐਮ.ਆਈ.ਈ ਐਸ ਕੋਆਰਡੀਨੇਟਰ ਜਾਂ ਫਿਰ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਨੂੰ ਪੁਜਦਾ ਕੀਤਾ ਜਾਵੇਗਾ ਅਤੇ ਇਸ ਉਪਰੰਤ ਇਸੇ ਆਨ-ਲਾਇਨ ਵਿੱਧੀ ਰਾਹੀਂ ਸਮੂਹ ਜ਼ਿਲ੍ਹਿਆਂ ਵਿਚ ਸ਼ਨਾਖਤ ਕੀਤੇ ਗਏ ਸਮੂਹ ਸਕੂਲੋਂ ਵਿਰਵੇ ਬੱਚਿਆ ਦਾ ਡਾਟਾ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਵਲੋਂ ਮੁੱਖ ਦਫ਼ਤਰ ਨੂੰ ਪੁਜਦਾ ਕੀਤਾ ਜਾਵੇਗਾ।

9) **ਹਰੇਕ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਮੁਖ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਉਸਦੇ ਬਲਾਕ ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਵੀ ਬੱਚਾ ਸਕੂਲੋਂ ਵਿਰਵਾ ਨਹੀਂ ਹੈ।**

8.0 ਇਸ ਸਪੈਸ਼ਲ ਸਰਵੇਖਣ ਦੇ ਸਮੂਹ ਰਿਕਾਰਡ ਨੂੰ ਮੇਨਟੇਨ ਕਰਨ ਦੀ ਜੁੰਮੇਵਾਰੀ ਸਬੰਧਤ ਪਿੰਡ/ਵਾਰਡ ਦੇ ਸੂਕਲ ਮੁੱਖੀ ਦੀ ਹੋਵੇਗੀ ਅਤੇ ਜੇਕਰ ਕਿਸੇ ਪਿੰਡ/ਵਾਰਡ ਵਿਚ ਇੱਕ ਤੋਂ ਵੱਧ ਸਕੂਲ ਪੈਂਦੇ ਹਨ ਤਾਂ ਸਰਵੇਖਣ ਦੇ ਰਿਕਰਡ ਨੂੰ ਮੇਨਟੇਨ ਕਰਨ ਸਬੰਧੀ ਫੈਸਲਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਵਲੋਂ ਕੀਤਾ ਜਾਵੇਗਾ।

9.0 ਸਪੈਸ਼ਲ ਸਰਵੇਖਣ ਦੀ ਸਮੂਹ ਪ੍ਰਕ੍ਰਿਆ ਨੂੰ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਅਤੇ(ਸੈ.ਸਿ) ਆਪਸ ਵਿਚ ਤਾਲਮੇਲ ਕਰਕੇ ਸਮੇਂ ਸਿਰ ਨੇਪਰੇ ਚਾੜਨਗੇ।

10.0 ਉੱਕਤ ਅਨੁਸਾਰ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।

ਮਿਤੀ: 24/06/2011

*-ਬੀ. ਪੁਰੁਸ਼ਾਰਥਾ-*
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

**ਪਿੱਠ ਅੰਕਣ ਨੰ:** ਸਸਅ/STR/Survey/2011-12/76488-489 **ਮਿਤੀ ਚੰਡੀਗੜ੍ਹ:** 27/06/2011

ਉਪਰੋਕਤ ਦਾ ਉਤਾਰਾ ਡਾਇਰੈਕਟਰ, ਸਥਾਨਕ ਸਰਕਾਰਾਂ ਅਤੇ ਡਾਇਰੈਕਟਰ, ਪਚਾਇਤੀ ਰਾਜ ਸੰਸਥਾਵਾਂ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਦੇ ਵਿਭਾਗ ਅਧੀਨ ਆਉਂਦੇ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਨੂੰ ਸਪੈਸ਼ਲ ਸਰਵੇਖਣ ਸਬੰਧੀ ਉੱਕਤ ਦਿਸ਼ਾ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ ਜੀ।

*-ਬੀ. ਪੁਰੁਸ਼ਾਰਥਾ-*
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

**ਪਿੱਠ ਅੰਕਣ ਨੰ:** ਸਸਅ/STR/Survey/2011-12/76490-529 **ਮਿਤੀ ਚੰਡੀਗੜ੍ਹ:** 27/06/2011

ਉਪਰੋਕਤ ਦਾ ਉਤਾਰਾ ਹੇਠ ਲਿੱਖਿਆ ਨੂੰ ਭੇਜ ਕੇ ਲਿੱਖਿਆ ਜਾਂਦਾ ਹੈ ਕਿ ਉੱਕਤ ਦਿਸ਼ਾ ਨਿਰਦੇਸ਼ਾਂ ਦੀ ਕਾਪੀ ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਮੁੱਖ ਵੈਬ ਸਾਈਟ ssapunjab.org ਜਾਂ ਫਿਰ Noitce Board ਤੋਂ ਡਾਉਨਲੋਡ ਕਰਕੇ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

1) ਸਮੂਹ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ
2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

*-ਬੀ. ਪੁਰੁਸ਼ਾਰਥਾ-*
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**